# ਪੜ੍ਹਾਈ ਕਰਨ ਦੀਆਂ ਉਤਮ ਯੋਗਤਾਵਾਂ ਦਾ ਵਿਕਾਸ ਕਰਨ ਵਿੱਚ ਆਪਣੇ ਬੱਚੇ ਦੀ ਮਦਦ ਕਰੋ।



practical ways parents can boost learning

ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਲਈ।

## ਪੜ੍ਹਾਈ ਕਰਨ ਦੀਆਂ ਯੋਗਤਾਵਾਂ ਦਾ ਕੀ ਭਾਵ ਹੈ?

ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਲਈ ਪੜ੍ਹਾਈ ਕਰਨ ਦੀਆਂ ਉੱਤਮ ਯੋਗਤਾਵਾਂ (13 ਤੋਂ 19 ਸਾਲ) ਦੇ ਕਿਸ਼ੋਰ ਅਵਸਥਾ ਦੇ ਬੱਚਿਆਂ ਨੂੰ ਸਕੂਲ ਵਿੱਚ ਪੜ੍ਹਾਈ ਜਾਂਦੀ ਜਾਣਕਾਰੀ ਨੂੰ ਸਫਲਤਾ ਨਾਲ ਸਿੱਖਣ ਵਿੱਚ ਮਦਦ ਕਰਦੀਆਂ ਹਨ। ਚੇਤੰਨ ਹੋ ਕੇ ਸੁਣਨਾ ਅਤੇ ਜਮਾਤ ਵਿੱਚ ਸ਼ਮੂਲੀਅਤ ਕਰਨੀ, ਪ੍ਰਭਾਵਪੂਰਨ ਨੋਟ ਤਿਆਰ ਕਰਨੇ, ਨੋਟਾਂ ਦੀ ਨਜ਼ਰਸਾਨੀ ਕਰਨੀ ਅਤੇ ਇਮਤਿਹਾਨ ਦੇ ਪ੍ਰਸ਼ਨਾਂ ਬਾਰੇ ਭਵਿੱਖਬਾਣੀ ਕਰਨਾ ਇਹ ਸਾਰੀਆਂ ਪੜ੍ਹਾਈ ਕਰਨ ਦੀਆਂ ਮਹੱਤਵਪੂਰਨ ਯੋਗਤਾਵਾਂ ਦੀਆਂ ਮਿਸਾਲਾਂ ਹਨ।

## ਦਿਮਾਗ਼ ਲਾ ਕੇ ਕੰਮ ਕਰਨਾ।

ਤਾਜ਼ਾ ਖੋਜ ਦੱਸਦੀ ਹੈ ਕਿ ਜਦੋਂ ਅਸੀਂ ਰੰਗਾਂ,ਚਿੰਨ੍ਹਾਂ ਅਤੇ ਡਾਇਆਗ੍ਰਾਮਾਂ ਦੀ ਵਰਤੋਂ ਕਰਦੇ ਹਾਂ ਅਤੇ ਪਹਿਲਾਂ ਪ੍ਰਾਪਤ ਕੀਤੀ ਗਈ ਜਾਣਕਾਰੀ ਨਾਲ ਇਨ੍ਹਾਂ ਨੂੰ ਜੋੜਦੇ ਹਾਂ ਤਾਂ ਸਾਡੇ ਦਿਮਾਗ਼ ਸਿੱਖਦੇ ਹਨ ਅਤੇ ਨਵੀਂ ਜਾਣਕਾਰੀ ਨੂੰ ਬਹੁਤ ਯਾਦ ਰੱਖਦੇ ਹਨ। ਕਿਸ਼ੋਰ ਅਵਸਥਾ ਵਾਲਾ **ਤੁਹਾਡਾ** ਬੱਚਾ ਨੋਟ ਤਿਆਰ ਕਰਨ ਲੱਗਿਆਂ ਇਸ ਦੀ ਵਰਤੋਂ ਕਰ ਸਕਦਾ ਹੈ ਜਿਸ ਨਾਲ ਸਕੂਲ ਵਿੱਚ ਪ੍ਰਾਪਤ ਕੀਤੀ ਜਾਣਕਾਰੀ ਨੂੰ ਚੰਗੀ ਤਰ੍ਹਾਂ ਸਮਝਣ ਵਿੱਚ ਉਸ ਨੂੰ ਮਦਦ ਮਿਲੇਗੀ।

## ਨੋਟ ਤਿਆਰ ਕਰਨ ਦੀਆਂ ਪ੍ਰਭਾਵਪੂਰਨ ਵਿਧੀਆਂ।

*ਮਾਈਂਡ ਮੈਪਿੰਗ (ਮਾਨਸਿਕ ਖ਼ਾਕਾ)* ਨੋਟ ਤਿਆਰ ਕਰਨ ਦੀ ਬਹੁਤ ਪ੍ਰਸਿੱਧ ਵਿਧੀ ਹੈ ਜਿਸ ਵਿੱਚ ਸ਼ਬਦਾਂ,ਰੰਗਾਂ ਅਤੇ ਚਿੱਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ। *ਮਾਈਂਡ ਮੈਪ* ਸਮੱਗਰੀ ਨੂੰ ਛੇਤੀ ਅਤੇ ਪ੍ਰਵੀਣਤਾ ਨਾਲ ਸਿੱਖਣ ਵਿੱਚ ਸਾਡੀ ਮਦਦ ਕਰਦੇ ਹਨ। ਇਹ ਪੰਨੇ ਦੇ ਮਧ ਵਿੱਚ ਮੁੱਖ ਵਿਸ਼ੇ ਤੋਂ ਸ਼ੁਰੂ ਹੁੰਦੇ ਹਨ ਅਤੇ ਫਿਰ ਪੜ੍ਹੇ ਜਾ ਰਹੇ ਹਰੇਕ ਉਪ-ਵਿਸ਼ੇ ਦੀ ਪੜ੍ਹਾਈ ਕਰਨ ਲਈ ਸ਼ਾਖ਼ਾਵਾਂ ਵਿੱਚ ਫ਼ੈਲ ਜਾਂਦੇ ਹਨ।

## ਵਿਗਿਆਨ ਵਿੱਚ *ਮਾਈਂਡ ਮੈਪ* ਦੀ ਮਿਸਾਲ।




ਹੇਠ ਦਰਜ ਕਾਰਨਾਂ ਕਰ ਕੇ ਮਾਈਂਡ ਮੈਪ ਪੜ੍ਹਾਈ ਲਈ ਬਹੁਤ ਸ਼ਕਤੀਸ਼ਾਲੀ ਜੰਤਰ ਹੁੰਦੇ ਹਨ:

- ਮਹੱਤਵਪੂਰਨ ਵਿਚਾਰਾਂ ਅਤੇ ਸੰਕਲਪਾਂ ਵਿਚਕਾਰ ਸੰਬੰਧ ਜੋੜਣ ਵਿੱਚ ਮਦਦ ਕਰਨ ਕਰ ਕੇ
- ਜਾਣਕਾਰੀ ਨੂੰ ਦ੍ਰਿਸ਼ਟਮਈ ਚਿਤਰਾਂ ਵਿੱਚ ਬਦਲਣ ਕਰ ਕੇ
- ਸਮੁੱਚੇ ਦਿਮਾਗ਼ ਨੂੰ ਵਰਤਣ ਕਰ ਕੇ
- ਸਮੱਗਰੀ ਦੀ ਸੌਖੀ ਨਜ਼ਰਸਾਨੀ ਹੋਣ ਕਰ ਕੇ

## ਇਮਤਿਹਾਨਾਂ ਦੇ ਪ੍ਰਸ਼ਨਾਂ ਬਾਰੇ ਭਵਿੱਸ਼ਵਾਨੀ ਕਰਨੀ।

ਕਿਸ਼ੋਰ ਅਵਸਥਾ ਦੇ ਤੁਹਾਡੇ ਬੱਚੇ ਦੇ ਗਿਆਨ ਲਈ ਅਤੇ ਇਸ ਵਿੱਚ ਨਿਪੁੰਨਤਾ ਹਾਸਲ ਕਰਨ ਲਈ ਪੜ੍ਹਾਈ ਕਰਨ ਦੀ ਇੱਕ ਹੋਰ ਬਹੁਤ ਲਾਭਵੰਦ ਯੋਗਤਾ ਇਹ ਹੁੰਦੀ ਹੈ ਕਿ ਉਹ ਇਮਤਿਹਾਨ ਵਿੱਚ ਆਉਣ ਵਾਲੇ ਪ੍ਰਸ਼ਨਾਂ ਬਾਰੇ ਪੂਰਵ-ਅਨੁਮਾਨ ਲਾ ਸਕੇ:

- ਪੜ੍ਹਾਈ ਦੀ ਇਕਾਈ ਵਿੱਚੋਂ ਮੁੱਖ ਉਪ-ਵਿਸ਼ੇ ਲਭ ਸਕੇ ਜਿੰਨ੍ਹਾਂ ਨੂੰ ਉਸ ਨੇ ਆਪਣੇ ਮਾਈਂਡ ਮੈਪ ਦੁਆਰਾ ਮਹੱਤਵਪੂਰਨ ਮੰਨਿਆ ਹੋਵੇ।
- ਸਾਰੇ ਅਜਿਹੇ ਪ੍ਰਸ਼ਨਾਂ ਨੂੰ ਲਿਖੇ ਜੋ ਉਸ ਦੀ ਸਮਝ ਅਨੁਸਾਰ ਉਸ ਵਿਸ਼ੇ ਸੰਬੰਧੀ ਪੁੱਛੇ ਜਾ ਸਕਦੇ ਹੋਣ।
- ਵੱਖ ਵੱਖ ਪ੍ਰਸ਼ਨਾਂ ਦੇ ਉੱਤਰ ਲਿਖੇ ਅਤੇ ਉਨ੍ਹਾਂ ਉੱਤਰਾਂ ਦੀ ਪੱਧਰ ਦੀ ਨਿਰਖ ਕਰੇ।

ਇਸ ਯੋਗਤਾ ਦੀ ਵਰਤੋਂ ਕਰਨ ਅਤੇ ਇਸ ਉਤੇ ਮਹਾਰਤ ਹਾਸਲ ਕਰਨ ਵਿੱਚ ਤੁਸੀਂ ਕਿਸ਼ੋਰ ਅਵਸਥਾ ਦੇ ਆਪਣੇ ਬੱਚੇ ਦੀ ਮਦਦ ਕਰਨ ਵਿੱਚ ਅਹਿਮ ਰੋਲ ਨਿਭਾ ਸਕਦੇ ਹੋ। ਮਹੱਤਵਪੂਰਨ ਉੱਪ-ਵਿਸ਼ਿਆਂ ਦੀ ਸ਼ਨਾਖ਼ਤ ਕਰਨ, ਹਰੇਕ ਉੱਪ-ਵਿਸ਼ੇ ਸੰਬੰਧੀ ਪ੍ਰਸ਼ਨ ਤਿਆਰ ਕਰਨ ਅਤੇ ਇਨ੍ਹਾਂ ਪ੍ਰਸ਼ਨਾਂ ਦੇ ਪ੍ਰਭਾਵੀ ਉੱਤਰ ਲੱਭਣ ਵਿੱਚ ਮਦਦ ਕਰੋ।

## ਸਕੂਲੋਂ ਮਿਲਿਆ ਘਰ ਦਾ ਕੰਮ ਕਰਨ ਲਈ ਅਪਣੱਤਵਾਲਾ ਮਾਹੌਲ ਸਿਰਜੋ।

ਸਕੂਲੋਂ ਮਿਲਿਆ ਘਰ ਦਾ ਕੰਮ ਵਿਦਿਆਰਥੀਆਂ ਨੂੰ ਸਿਖਣ ਪ੍ਰਤੀ ਇੱਕ ਸੁਤੰਤਰ, ਸੰਗਠਤ ਪਹੁੰਚ ਲਈ ਉਤਸ਼ਾਹਿਤ ਕਰਦਾ ਹੈ। ਇਹ ਉਨ੍ਹਾਂ ਨੂੰ ਨਵੀਆਂ ਯੋਗਤਾਵਾਂ ਦਾ ਅਭਿਆਸ ਕਰਨ, ਨਵੇਂ ਵਿਚਾਰ ਖੋਜਣ ਅਤੇ ਕੰਮ ਕਰਨ ਦੀਆਂ ਨਿਰੋਈਆਂ ਆਦਤਾਂ ਪ੍ਰਦਾਨ ਕਰਦਾ ਹੈ। ਘਰ ਦੇ ਕੰਮ ਲਈ ਅਪਣੱਤਵਾਲਾ ਘਰ ਕਾਇਮ ਕਰ ਕੇ ਤੁਸੀਂ ਬੱਚੇ ਨੂੰ ਇਹ ਦੱਸ ਰਹੇ ਹੁੰਦੇ ਹੋ ਕਿ ਸਿਖਣਾ ਜ਼ਰੂਰੀ ਹੁੰਦਾ ਹੈ ਅਤੇ ਇਸ ਲਈ ਜਤਨ ਕਰ ਕੇ ਹੀ ਇਸ ਦੀ ਸਫ਼ਲਤਾ ਯਕੀਨੀ ਬਣਾਈ ਜਾ ਸਕਦੀ ਹੈ।

## ਕਿਸ਼ੋਰ ਅਵਸਥਾ ਦੇ ਆਪਣੇ ਬੱਚੇ ਦੀ ਪੜ੍ਹਾਈ ਲਈ ਤਿਆਰੀ ਵਿੱਚ ਮਦਦ ਕਰੋ।

ਮਾਪੇ ਹੋਣ ਦੇ ਨਾਤੇ ਤੁਹਾਡੇ ਪਾਸ ਹੇਠ ਦਰਜ ਯੋਗਤਾਵਾਂ ਨੂੰ ਪ੍ਰਭਾਵਪੂਰਨ ਢੰਗ ਨਾਲ ਵਰਤਣ ਦੀ ਕਾਬਲੀਅਤ ਚਾਹੀਦੀ ਹੈ:

- ਖੁੱਲ੍ਹਾ ਸੰਚਾਰ
- ਸੁਣਨਾ
- ਸੋਚ-ਵਿਚਾਰ ਕਰਨਾ
- ਸਮਝੌਤਾ ਕਰਨਾ
- ਮਿੱਤਰਾਂ ਤੇ ਪਰਿਵਾਰਾਂ ਨੂੰ ਜਾਣਨਾ
- ਚੰਗੀ ਮਿੱਤਰਤਾ ਨੂੰ ਉਤਸ਼ਾਹ ਦੇਣਾ

ਇਹ ਯੋਗਤਾਵਾਂ ਸਕੂਲ ਅੰਦਰ ਕਿਸ਼ੋਰ ਅਵਸੱਥਾ ਵਾਲੇ ਤੁਹਾਡੇ ਬੱਚੇ ਦੀ ਸਫ਼ਲਤਾ ਲਈ ਵਰਤੀਆਂ ਜਾ ਸਕਦੀਆਂ ਹਨ ਅਤੇ ਇਹ ਉਸ ਦੀ ਪੜ੍ਹਾਈ ਦੀ ਤਿਆਰੀ ਕਰਨ ਵਿੱਚ ਮਦਦ ਕਰਦੀਆਂ ਹਨ।

ਕਿਸ਼ੋਰ ਅਵਸੱਥਾ ਵਾਲੇ ਆਪਣੇ ਬੱਚੇ ਨਾਲ ਮਿਲ ਕੇ ਘਰ ਦੇ ਰੁਜ਼ਾਨਾ ਕੰਮ, ਸੌਂਪੇ ਗਏ ਕੰਮ ਅਤੇ ਨਜ਼ਰਸਾਨੀ ਕਰਨ ਲਈ ਕਾਰਜ-ਸੂਚੀ ਤਿਆਰ ਕਰੋ। ਪੜ੍ਹਾਈ ਕਰਨ ਲਈ ਅਜਿਹੀ ਥਾਂ ਚੁਣੋ ਜਿੱਥੇ:

- (ਟੀ.ਵੀ.ਸਟੇਰੀਓ, ਵਿਡੀਓ ਗੇਮਜ਼) ਦੀ ਰੁਕਾਵਟ ਨਾ ਹੋਵ। ਜੇ ਲੋੜ ਹੋਵੇ ਤਾਂ " ਇਥੇ ਵਿਘਣ ਨਾ ਪਾਓ" ਦਾ ਸਾਈਨ ਲਾ ਦਿਓ।
- ਪੱਧਰੀ ਸਤ੍ਹਾ ਵਾਲੇ ਡੈਂਸਕ/ਟੇਬਲ ਦੇ ਨਾਲ ਆਰਾਮਦਾਇਕ ਕੁਰਸੀ ਹੋਵੇ। ਡੈਂਸਕ ਦਾ ਮੂੰਹ (ਘੜਮੱਸ ਤੋਂ ਮੁਕਤ) ਖ਼ਾਲੀ ਕੰਧ ਵੱਲ ਹੋਣਾ ਚਾਹੀਦਾ ਹੈ ਤਾ ਕਿ ਤੁਹਾਡਾ ਬੱਚਾ ਚੰਗੀ ਤਰ੍ਹਾਂ ਧਿਆਨ ਟਿਕਾ ਸਕੇ।
- ਚੰਗੀ ਰੌਸ਼ਨੀ।

ਕਿਸ਼ੋਰ ਅਵਸੱਥਾ ਵਾਲੇ ਤੁਹਾਡੇ ਬੱਚੇ ਪਾਸ ਹੇਠ ਦਰਜ ਵਸਤਾਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ:

- ਸਕੂਲ ਦਾ ਏਜੰਡਾ, ਜਿਸ ਵਿੱਚ ਸੌਂਪੇ ਗਏ ਕੰਮ ਦਰਜ ਹੋਣ
- ਟੈਕਸਟਬੁਕਸ, ਲਿਖਣ-ਸਮੱਗਰੀ
- ਕੰਪਿਊਟਰ ਤਕ ਰਸਾਈ (ਅਖ਼ਤਿਆਰੀ)
- ਸ਼ਬਦਕੋਸ਼

## ਘਰ ਦੇ ਕੰਮ ਵਿੱਚ ਮਦਦ ਕਰਨ ਲਈ ਕੁਝ ਨੁਕਤੇ।

ਕਿਸ਼ੋਰ ਅਵਸੱਥਾ ਵਾਲੇ ਆਪਣੇ ਬੱਚੇ ਨੂੰ ਸਕੂਲ ਵੱਲੋਂ ਸੌਂਪੇ ਗਏ ਕੰਮ ਦਾ **ਕੀ, ਕਦੋਂ, ਕਿੱਥੇ** ਅਤੇ **ਕਿਵੇਂ** ਸੰਬੰਧੀ ਯਾਦ ਰੱਖਣ ਲਈ ਉਸ਼ਾਹਤ ਕਰੋ। ਵਿਦਿਆਰਥੀ ਦੇ ਏਜੰਡੇ ਵਿੱਚ ਹੇਠ ਦਿੱਤੀ ਜਾਣਕਾਰੀ ਰੁਜ਼ਾਨਾ ਦਰਜ ਕਰੋ:

- ਸੌਂਪਿਆ ਗਿਆ ਕੰਮ **ਕੀ** ਹੈ?
- **ਕਦੋਂ** ਤਕ (ਪੂਰਾ ਕਰ ਕੇ) ਦਿੱਤਾ ਜਾਣਾ ਹੈ? ਦੇਣ ਲਈ ਮਿਥੀ ਮਿਤੀ ਦੀਆਂ ਸਮੇਂ ਦੀਆਂ ਵੰਡਾਂ ਦਰਜ ਹੋਣੀਆਂ ਚਾਹੀਦੀਆਂ ਹਨ।
- ਸੌਂਪੇ ਗਏ ਕੰਮ ਨੂੰ ਪੂਰਾ ਕਰਨ ਲਈ ਜਾਣਕਾਰੀ **ਕਿਥੋਂ** ਪ੍ਰਾਪਤ ਕੀਤੀ ਜਾਣੀ ਹੈ। ਅਧਿਆਪਕ ਵੱਲੋਂ ਦਿੱਤੇ ਸੁਝਾਵਾਂ ਵੱਲ ਧਿਆਨ ਦਿਤਾ ਜਾਣਾ ਚਾਹੀਦਾ ਹੈ।
- ਯੋਜਨਾ **ਕਿਵੇਂ** ਤਿਆਰ ਕਰਨੀ ਤੇ ਕਿਵੇਂ ਪੂਰੀ ਕਰਨੀ ਹੈ।

## ਵਧੇਰੇ ਸਫ਼ਲਤਾ ਕਿਵੇਂ ਯਕੀਨੀ ਬਣਾਈ ਜਾ ਸਕਦੀ ਹੈ

**ਪੀਕਿਊ4ਆਰ (PQ4R)** ਦਾ ਢੰਗ ਮੱਧ ਅਤੇ ਉੱਚ ਪੱਧਰ ਤੇ ਪੜ੍ਹਾਈ ਕਰਨ ਲਈ ਸਫ਼ਲ ਫ਼ਾਰਮੂਲਾ ਹੈ। ਆਪਣੇ ਬੱਚੇ ਨੂੰ ਇਸ ਢੰਗ ਦੀ ਪਾਲਨਾ ਕਰਨ ਵੱਲ ਉਤਸ਼ਾਹਿਤ ਕਰਨ ਨਾਲ ਉਸ ਅੰਦਰ ਪੜ੍ਹਾਈ ਦੀਆਂ ਉਤਮ ਯੋਗਤਾਵਾਂ ਦਾ ਵਿਕਾਸ ਹੋਵੇਗਾ।

### P = Preview (ਪਰੀਵਿਊ) ਹੇਠ ਅਨੁਸਾਰ ਸਮੱਗਰੀ ਦੀ ਪਹਿਲਾਂ ਜਾਂਚ ਕਰ ਲਓ:

- ਮੁੱਖ ਵਿਚਾਰਾਂ ਅਤੇ ਵਿਸ਼ਿਆਂ ਦੀ ਭਾਲ ਕਰ ਕੇ।
- ਨਵੇਂ ਸ਼ਬਦਾਂ ਦੀ ਪਹਿਚਾਣ ਕਰ ਕੇ।
- ਨਵੇਂ ਸ਼ਬਦਾਂ ਦੇ ਅਰਥਾਂ ਦਾ ਪਤਾ ਕਰਨ ਲਈ ਸ਼ਬਦਕੋਸ਼ ਦੀ। ਵਰਤੋਂ ਕਰ ਕੇ। ਅਰਥਾਂ ਦੇ ਭਾਵ ਦਰਸਾਉਣ ਲਈ ਨਵੇਂ ਸ਼ਬਦਾਂ ਨੂੰ ਵੱਖ ਵੱਖ ਵਾਕਾਂ ਵਿੱਚ ਵਰਤ ਕੇ।

### Q = Question (ਪ੍ਰਸ਼ਨ)

- ਬੱਚੇ ਨੂੰ ਮੱਖ ਖ਼ਬਰਾਂ ਪੜ੍ਹਨ ਲਈ ਅਤੇ ਉਨ੍ਹਾਂ ਵੱਲੋਂ ਪੜ੍ਹੀ ਜਾਣੀ ਵਾਲੀ ਸਮੱਗਰੀ ਬਾਰੇ ਪ੍ਰਸ਼ਨ ਤਿਆਰ ਕਰਨ ਲਈ ਉਤਸ਼ਾਹਿਤ ਕਰੋ। ਸੰਭਵ ਉੱਤਰ ਵੀ ਦਿੱਤੇ ਜਾਣੇ ਚਾਹੀਦੇ ਹਨ।

### R = Read, Record, Recite ਤੇ Review (ਪੜ੍ਹੋ,ਦਰਜ ਕਰੋ, ਬੋਲ ਕੇ ਸੁਣਾਓ ਅਤੇ ਨਜ਼ਰਸਾਨੀ ਕਰੋ)

- ਇੱਕ ਇੱਕ ਭਾਗ **ਪੜ੍ਹੋ**। ਪ੍ਰਸ਼ਨਾਂ ਦੇ ਉੱਤਰ ਦੇਣ ਲਗਿਆਂ ਮੁੱਖ ਨੁਕਤੇ ਚੁਣੋ।
- ਆਪਣੇ ਸ਼ਬਦਾਂ ਵਿੱਚ ਕੁੰਜੀਵੰਤ ਨੁਕਤੇ/ਵਿਚਾਰ **ਦਰਜ ਕਰੋ**
- ਬਿਨਾ ਸਮੱਗਰੀ ਵੱਲ ਵੇਖਿਆਂ ਜੋ ਕੁਝ ਹੁਣੇ ਪੜ੍ਹਿਆ ਹੈ ਉਸ ਨੂੰ **ਬੋਲ ਕੇ ਸੁਣਾਓ**।
- ਪੜ੍ਹੀ ਜਾ ਚੁਕੀ ਸਮੱਗਰੀ ਦੇ ਮੁੱਖ ਨੁਕਤਿਆਂ ਦੀ **ਨਜ਼ਰਸਾਨੀ ਕਰੋ**।

## ਜਦੋਂ ਘਰ ਲਈ ਕੰਮ ਨਾ ਸੌਂਪਿਆ ਗਿਆ ਹੋਵੇ, ਤਾਂ ਪੜ੍ਹਾਈ ਕਰਨ ਦੀਆਂ ਚੰਗੀਆਂ ਆਦਤਾਂ ਨੂੰ ਕਾਇਮ ਰੱਖਣ ਸੰਬੰਧੀ ਸੁਝਾਉ।

ਜਦੋਂ ਤੁਹਾਡਾ ਬੱਚਾ ਦੱਸੇ ਕਿ ਕਿਸੇ ਵਿਸ਼ੇਸ਼ ਦਿਨ ਘਰ ਦਾ ਕੰਮ ਨਹੀਂ ਮਿਲਿਆ ਤਾਂ ਹੇਠ ਦਰਜ ਅਨੁਸਾਰ ਕੰਮ ਕੀਤਾ ਜਾ ਸਕਦਾ ਹੈ:

- ਸੌਂਪੇ ਜਾਣ ਵਾਲੇ ਅਗਲੇ ਕੰਮ ਰੀ ਰੂਪ-ਰੇਖਾ ਦੀ ਯੋਜਨਾ ਬਣਾਓ
- ਪਿਛਲੇ (ਹਫ਼ਤੇ, ਮਹੀਨੇ ) ਦੇ ਨੋਟਾਂ ਦੀ ਨਜ਼ਰਸਾਨੀ ਕਰੋ
- ਹਿਸਾਬ ਅਤੇ ਵਿਗਿਆਨ ਦੇ ਫ਼ਾਰਮੂਲਿਆਂ ਦਾ ਅਭਿਆਸ ਕਰੋ
- ਬੱਚੇ ਦੇ ਧਿਆਨ ਨੂੰ ਸੌਂਪੇ ਜਾਣ ਵਾਲੇ ਅਜਿਹੇ ਸਿਰਜਣਾਤਮਕ ਕੰਮਾਂ ਵਿੱਚ ਲਾਓ ਜਿਵੇਂ ਕਿ ਇੱਕ ਯੋਜਨਾ ਤਿਆਰ ਕਰਨੀ ਜਿਸ ਰਾਹੀਂ ਮੁਕੰਮਲ ਕੀਤੀ ਗਈ ਇਕਾਈ ਦੀ ਨਵੀਂ ਸਿਖਿਆ ਦਰਸਾਈ ਗਈ ਹੋਵੇ, ਜਾਂ ਹੁਣੇ ਹੁਣੇ ਮੁਕੰਮਲ ਕੀਤੇ ਗਏ ਅਧਿਆਏ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰਨਾ ਜਾਂ ਲਿਖਣਾ।

*ਨੁਕਤਿਆਂ ਦੀ ਇਹ ਸ਼ੀਟ ਸੈਕੰਡਰੀ ਰੀਸੋਰਸ ਟੀਚਰ ਬਰੈਂਟ ਸੈਰਬਰੀਨ, ਅਤੇ ਗਾਈਡੈਂਸ ਕੌਂਸਲਰ ਮਾਨਿਕਾ ਜਾਹਨਸਨ ਵੱਲੋਂ ਤਿਆਰ ਕੀਤੀ ਗਈ ਹੈ*